# ਸੰਪਰਕ ਟਰੇਸਿੰਗ

# ਉਹ ਮੈਨੂੰ ਕੀ ਪੁੱਛਣਗੇ?



## ਮੈਨੂੰ ਖਸਰਾ ਹੈ

1. ਆਪਣੇ ਨਾਮ, ਪਤੇ, ਜਨਮ ਤਾਰੀਖ ਅਤੇ ਨਸਲ/ਜਾਤੀ ਦੀ ਪੁਸ਼ਟੀ ਕਰੋ।
2. ਤੁਹਾਡੇ ਮੁਤਾਬਕ ਤੁਸੀਂ ਕਦੋਂ ਅਤੇ ਕਿੱਥੇ ਖਸਰੇ ਦੇ ਸੰਪਰਕ ਵਿੱਚ ਆਏ ਸੀ?
3. ਜਦੋਂ ਤੁਸੀਂ ਪੀੜਤ ਸੀ ਤਾਂ ਤੁਸੀਂ ਕਿੱਥੇ-ਕਿੱਥੇ ਗਏ ਸੀ?
4. ਕਿਰਪਾ ਕਰਕੇ ਉਹਨਾਂ ਲੋਕਾਂ ਦੇ ਨਾਮ ਅਤੇ ਸੰਪਰਕ ਜਾਣਕਾਰੀ ਦਿਓ, ਜਿੰਨ੍ਹਾਂ ਦੇ ਸੰਪਰਕ ਵਿੱਚ ਤੁਸੀਂ ਹਾਲ ਹੀ ਵਿੱਚ ਆਏ ਹੋ।

## ਮੇਰਾ ਸੰਪਰਕ ਖਸਰੇ ਨਾਲ ਪੀੜਤ ਕਿਸੇ ਵਿਅਕਤੀ ਨਾਲ ਹੋਇਆ ਸੀ

1. ਆਪਣੇ ਨਾਮ, ਪਤੇ, ਜਨਮ ਤਾਰੀਖ ਅਤੇ ਨਸਲ/ਜਾਤੀ ਦੀ ਪੁਸ਼ਟੀ ਕਰੋ।
2. ਕੀ ਤੁਹਾਨੂੰ ਖਸਰੇ ਦੇ ਕੋਈ ਲੱਛਣ ਦਿਖਾਈ ਦੇ ਰਹੇ ਹਨ?

## ਇੰਟਰਵਿਊ ਲੈਣ ਵਾਲਾ ਵਿਅਕਤੀ ਇਹ ਨਹੀਂ ਕਰੇਗਾ

- ਤੁਹਾਡੀ ਇਮੀਗ੍ਰੇਸ਼ਨ ਸਥਿਤੀ ਬਾਰੇ ਪੁੱਛਣਾ।
- ਤੁਹਾਡਾ ਸਮਾਜਕ ਸੁਰੱਖਿਆ ਨੰਬਰ ਮੰਗਣਾ।
- ਤੁਹਾਡੀ ਵਿੱਤੀ ਜਾਣਕਾਰੀ ਮੰਗਣਾ।
- ਤੁਹਾਨੂੰ ਇਹ ਦੱਸਣਾ ਕਿ ਕਿਸ ਵਿਅਕਤੀ ਦੇ ਸੰਪਰਕ ਵਿੱਚ ਆਉਣ ਕਾਰਨ ਤੁਹਾਨੂੰ ਖਸਰਾ ਹੋਇਆ ਹੈ।

**ਜਦੋਂ ਇੰਟਰਵਿਊ ਖਤਮ ਹੋ ਜਾਵੇਗਾ, ਤਾਂ ਇੰਟਰਵਿਊ ਲੈਣ ਵਾਲਾ ਵਿਅਕਤੀ ਤੁਹਾਨੂੰ ਇਸ ਬਾਰੇ ਜਾਣਕਾਰੀ ਦੇਵੇਗਾ ਕਿ ਅੱਗੇ ਕੀ ਕਰਨਾ ਹੈ।**

ਤੁਹਾਡੇ ਵੱਲੋਂ ਪ੍ਰਦਾਨ ਕੀਤੀ ਜਾਣ ਵਾਲੀ ਹਰੇਕ ਜਾਣਕਾਰੀ ਨੂੰ ਗੁਪਤ ਰੱਖਿਆ ਜਾਏਗਾ ਅਤੇ ਤੁਹਾਡੀ ਸਿਹਤ ਸੰਬੰਧੀ ਜਾਣਕਾਰੀ ਨੂੰ ਕਨੂੰਨ ਵੱਲੋਂ ਸੁਰੱਖਿਅਤ ਕੀਤਾ ਜਾਵੇਗਾ। ਦੁਭਾਸ਼ੀਆ ਸੇਵਾਵਾਂ ਉਪਲਬਧ ਹਨ।

ਵਧੇਰੇ ਜਾਣਕਾਰੀ ਲਈ **https://doh.wa.gov/measles** 'ਤੇ ਜਾਓ।
ਕਿਸੇ ਹੋਰ ਫਾਰਮੇਟ ਵਿੱਚ ਇਸ ਦਸਤਾਵੇਜ਼ ਲਈ ਬੇਨਤੀ ਕਰਨ ਵਾਸਤੇ, 1-800-525-0127 'ਤੇ ਕਾਲ ਕਰੋ।
ਬਹਿਰੇ ਗਾਹਕ ਜਾਂ ਜਿੰਨ੍ਹਾਂ ਗਾਹਕਾਂ ਨੂੰ ਉੱਚਾ ਸੁਣਦਾ ਹੈ, ਉਹ ਕਿਰਪਾ ਕਰਕੇ 711 (Washington Relay) 'ਤੇ ਕਾਲ ਕਰੋ ਜਾਂ doh.information@doh.wa.gov 'ਤੇ ਈਮੇਲ ਕਰੋ।

Washington State Department of HEALTH
DOH 348-1179 January 2026
Punjabi